## ਹੱਥ ਲੰਬੇ ਮਾਲਕ ਦੇ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ ਸਿੰਘ ਮੋਮਨਾਬਾਦ

ਯੋਧਾ ਭੀਮ ਤੁਰ ਗਿਆ ਸੀ ਆਪਾਂ ਕਿਸਦੇ ਪਾਣੀ ਹਾਰੇ
ਫੜ ਹਾਥੀ ਪੂਛਾਂ ਤੋਂ ਜਿਹਨੇ ਵਿੱਚ ਆਕਾਸ਼ ਦੇ ਮਾਰੇ
ਬ੍ਰਹਿਮੰਡ 'ਚ ਘੁੰਮਦੇ ਨੇ ਡਿੱਗੇ ਦੇਖੇ 'ਨੀ ਜਮੀਨ 'ਤੇ ਆ ਕੇ
ਹੱਥ ਲੰਬੇ ਨੇ ਮਾਲਕ ਦੇ ਬੰਦਿਆ ਲੈ ਜਾਊ ਭਾਣਾ ਮਨਾ ਕੇ

ਵਰ ਲਏ ਸੀ ਹਰਣਾਖਸ ਨੇ ਨਾ ਦਿਨੇ ਮਰਾਂ ਨਾ ਰਾਤੀ
ਤਰਸ ਕੀਤਾ 'ਨੀ ਪ੍ਰਹਿਲਾਦ 'ਤੇ ਤੱਤੇ ਥੰਮ ਨਾਲ ਜੱਫੀ ਪਵਾਤੀ
ਨਾ ਬਾਹਰ ਨਾ ਅੰਦਰ ਸਿੱਟਿਆ ਵਿੱਚ ਦੇਹਲੀ ਦੇ ਲਿਆਕੇ
ਹੱਥ ਲੰਬੇ ਨੇ ਮਾਲਕ ਦੇ ਬੰਦਿਆ ਲੈ ਜਾਊ ਭਾਣਾ ਮਨਾ ਕੇ

ਅਫਲਾਤੂ ਤੁਰ ਗਿਆ ਸੀ ਚੱਕਰਾਂ ਵਿੱਚ ਜਿਹਨੇ ਫਰਿਸ਼ਤੇ ਪਾਤੇ
ਪਤਾ ਲੱਗੇ ਨਾ ਫਰਿਸ਼ਤਿਆਂ ਨੂੰ ਉਹਨੇ ਕਿੰਨੇ ਅਫਲਾਤੂ ਬਣਾਤੇ
ਝੱਟ ਫਰਿਸ਼ਤਿਆਂ ਨੇ ਪਹਿਚਾਣ ਲਿਆ ਜਦੋਂ ਬੋਲਿਆ ਹੰਕਾਰ 'ਚ ਆਕੇ
ਹੱਥ ਲੰਬੇ ਨੇ ਮਾਲਕ ਦੇ ਬੰਦਿਆ ਲੈ ਜਾਊ ਭਾਣਾ ਮਨਾ ਕੇ

ਯੋਧਾ ਰਾਵਣ ਵੀ ਆਇਆ ਸੀ ਜਿਸ ਨੇ ਸਵਰਗਾਂ ਨੂੰ ਪੌੜੀ ਲਾਈ
ਚਾਰ ਵੇਦਾਂ ਦਾ ਜਾਣੂ ਸੀ ਲੰਕਾ ਸੋਨੇ ਦੀ ਬਣਾਈ
ਕਾਲ ਬੰਨ੍ਹਿਆ ਜਿਸਨੇ 'ਮੋਮਨਾਬਾਦ' ਵਾਲਿਆ ਪਾਵੇ ਨਾਲ ਲਿਆਕੇ
ਹੱਥ ਲੰਬੇ ਨੇ ਮਾਲਕ ਦੇ ਬੰਦਿਆ ਲੈ ਜਾਊ ਭਾਣਾ ਮਨਾ ਕੇ

## ਦਰਦ ਵਿਛੋੜਾ

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

ਰਾਤ ਦਾ ਸੰਨਾਟਾ
ਬਹੁਤ ਗਹਿਰਾ ਹੁੰਦਾ ਹੈ
ਨੀਂਦ ਨਾ ਆਏ ਤੇ
ਸੰਨਾਟਾ ਹੋਰ ਗਹਿਰਾ
ਲੱਗਦਾ ਹੈ
ਇਨਸਾਨ ਸੋਚਾਂ ਵਿੱਚ
ਖੁੱਭ ਜਾਂਦਾ ਹੈ
ਟਿਕ ਟਿਕੀ ਲਗਾਏ
ਘੂਰ ਰਹੀ ਹੈ ਛੱਤ ਨੂੰ ਉਹ
ਅੰਦਰ ਹੀ ਅੰਦਰ ਉਹ
ਰੋਜ਼ ਮਰਦੀ ਹੈ ਖੱਪਦੀ ਹੈ
ਭੁਰਦੀ ਹੈ ਖੁਰਦੀ ਹੈ
ਅਹਿਸਾਸ ਮਰ ਗਏ ਨੇ
ਸੋਚ ਪੱਥਰਾ ਗਈ
ਜ਼ਿੰਦਾ ਲਾਸ਼ ਬਣੀ ਪਈ
ਇੰਤਜ਼ਾਰ ਕਰ ਰਹੀ ਹੈ
ਕਿਤੇ ਮੌਤ ਹੀ ਆ
ਕਲਾਵੇ ਵਿੱਚ ਲੈ ਲਏ ਸਹੀ
ਕੋਈ ਤਾਂ ਮਿਲੇ ਗਲੇ
ਲਗਾਉਣ ਵਾਲਾ
ਹੰਝੂ ਤ੍ਰਿਪ ਤ੍ਰਿਪ ਚੋ
ਪਲਕਾਂ 'ਚੋਂ ਬਾਹਰ
ਨਿਕਲ ਰਹੇ ਨੇ
ਆਪਣੇ ਟੁਕੜੇ ਟੁਕੜੇ ਹੋਏ
ਵਜੂਦ ਨੂੰ ਸੰਭਾਲਣ ਦੀ
ਕੋਸ਼ਿਸ਼
ਕਰਦੀ ਹੈ ਪਰ
ਉਸਦੀ ਯਾਦ ਆਉਂਦੇ ਹੀ
ਸਾਰੀ ਦੀ ਸਾਰੀ ਖਿਲਰ
ਪੁਲਰ
ਜਾਂਦੀ ਹੈ ਉਹ
ਪਰ ਉਸਦੀਆਂ ਯਾਦਾਂ 'ਚੋਂ
ਬਾਹਰ ਨਹੀਂ ਨਿਕਲ ਸਕੀ
ਕਦੀ ਵੀ ਉਹ
ਜੋ ਰੂਹੇ ਰਵਾਂ ਸੀ ਉਸਦਾ
ਉਸਦੀ ਖ਼ੁਸ਼ੀ , ਉਸਦੀ
ਧੜਕਣ
ਜ਼ਿੰਦਗੀ ਸੀ ਉਸਦੀ ਤੇ ਉਹ
ਸੋਚਦੀ ਆਪਣਿਆਂ ਦਾ ਦਿੱਤਾ
ਦਰਦ
ਬਹੁਤ ਅਸਹਿ ਤੇ ਅਕਹਿ
ਹੁੰਦਾ ਹੈ
ਇਹ ਦਰਦ ਅਵਲੜੇ ਨੇ
ਜ਼ਖ਼ਮ ਅੱਲੇ ਨੇ ਅਜੇ
ਦਰਦ ਲੁਕਾਉਂਦੀ ਫਿਰਦੀ ਹੈ
ਚੀਸਾਂ ਨੂੰ ਦਬਾਉਂਦੀ ਫਿਰਦੀ ਹੈ
ਸੱਭ ਤੋਂ ਨਜ਼ਰਾਂ ਚੁਰਾਉਂਦੀ ਹੈ
ਆਪਣਾ ਆਪ ਛੁਪਾਉਂਦੀ ਹੈ
ਤੂੰ ਬਦਲਿਆ ਅਚਾਨਕ ਤੇ
ਲਾਪਤਾ ਹੋ ਗਿਉਂ ਕਿਧਰੇ
ਜਾਂਦਾ ਹੋਇਆ ਲੈ ਗਿਉਂ
ਕੱਢ ਰੂਹ ਮੇਰੀ ਨੂੰ ਵੀ
ਦੇ ਗਿਉਂ ਡਾਢਾ ਗ਼ਮ
ਜੁਦਾਈ ਆਪਣੀ ਦਾ ਤੂੰ
ਤੇਰੀ ਮੁਹੱਬਤ ਤੇਰੇ ਅਹਿਸਾਸ
ਜ਼ਿੰਦਾ ਨੇ ਅੰਦਰ ਮੇਰੇ
ਜੋ ਜ਼ਿੰਦਾ ਰੱਖ ਰਹੇ ਨੇ ਮੈਨੂੰ
ਕੀ ਕਰਾਂ ਅੱਜ ਯਾਦ ਤੇਰੀ
ਬਹੁਤ ਤੜਪਾ ਰਹੀ ਹੈ
ਮੁਹੱਬਤ ਤੇਰੀ ਯਾਦ ਆ ਰਹੀ
ਹੈ
ਵਹਿਣਾਂ ਵਿੱਚ ਰੁੜਦੀ ਜਾਂਦੀ
ਹਾਂ
ਹੌਕੇ ਤੇ ਹੌਕੇ ਭਰਦੀ ਹਾਂ
ਅੱਖਾਂ 'ਚ ਡਲ੍ਹਕ ਆਏ ਹੰਝੂਆਂ
ਨੂੰ
ਆਪੈ ਹੀ ਸਾਫ਼ ਕਰਕੇ ਤੇ
ਤੇਰੀ ਯਾਦ ਆਉਂਦੇ ਹੀ
ਥੋੜਾ ਜਿਹਾ ਮੁਸਕਰਾ ਪੈਂਦੀ ਹਾਂ
ਪਰ ਕੀ ਕਰਾਂ
ਦਰਦ ਵਿਛੋੜਾ ਤੇਰਾ ਹੁਣ
ਸਹਿ ਨਹੀਂ ਹੁੰਦਾ
ਬਿਨ ਤੇਰੇ ਹੁਣ ਰਹਿ ਨਹੀਂ
ਹੁੰਦਾ ।

## ਅੰਗਰੇਜੀ ਦਾ ਭੂਤ !



ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ।

ਢਾਈ ਸਾਲ ਦਾ ਬੱਚਾ ਅੱਜਕੱਲ੍ਹ ਜਾਂਦਾ ਪੜ੍ਹਨ ਸਕੂਲੇ।
ਸਕੂਲ-ਵੈਨ ਵਿੱਚ ਪਹਿਲਾਂ ਤਾਂ ਕਈ ਮੀਲ ਲੈਂਦਾ ਏ ਝੂਲੇ।
ਪੋਹ-ਮਾਘ ਦੀ ਸਰਦੀ ਦੇ ਵਿੱਚ ਠਰ ਜਾਂਦੇ ਅੰਗ ਕੂਲ਼ੇ
ਪਰ ਬਣਦੀ ਵੱਡੀ ਟੋਹਰ ਮਾਪਿਆਂ ਦੀ ਕਿਵੇਂ ਨਾ ਹੁਕਮ ਕਬੂਲੇ।
ਹੱਥੀਂ ਨੇ ਉਜਾੜੀ ਜਾਂਦੇ ਮਾਲੀ ਵੇਖੋ ਬਾਗ ਨੂੰ...........।
ਚਿੰਬੜ ਗਿਆ ਭੂਤ ਅੰਗਰੇਜੀ ਦਾ ਦਿਮਾਗ ਨੂੰ।

ਗੁਰਸਿਮਰਨ , ਗੁਰਵਾਕ ਜਿਹੇ ਨਾਂ ਉਂਝ ਤਾਂ ਰੱਖਦੇ ਘਰਦੇ।
ਪਰ ਪਹੁੰਚਣ ਸਾਰ ਸਕੂਲ ਨੇ ਪਹਿਲਾਂ ਪਰੇਅਰ ਮੌਰਨਿੰਗ ਕਰਦੇ।
ਊੜਾ, ਆੜਾ, ਈੜੀ ਤਾਈਂ ਸਕੂਲ ਵਾਲੇ ਨਾ ਜਰਦੇ।
ਪੰਜਾਬੀਅਤ ਦੇ ਵਾਰਸ ਪਹਿਲਾਂ ਏ. ਬੀ. ਸੀ. ਨੇ ਪੜ੍ਹਦੇ।
ਭੁੱਲੀ ਜਾਣ 'ਸੋਈ ਸੋਈ ਦੇਵੈ' ਵਾਲੇ ਰਾਗ ਨੂੰ...........।
ਚਿੰਬੜ ਗਿਆ ਭੂਤ ਅੰਗਰੇਜੀ ਦਾ ਦਿਮਾਗ ਨੂੰ।

ਬਚਪਨ-ਸ਼ਚਪਨ, ਲੋਰੀਆਂ-ਬਾਤਾਂ, ਲਾਡ-ਪਿਆਰ ਸਭ ਖੋਏ।
ਬੈਠਾ ਵਿੱਚ ਤਣਾਅ ਦੇ ਬੱਚਾ ਪੜ੍ਹੀ ਜਾਵੇ ਨਾਲੇ ਰੋਏ।
ਨਾ ਚੱਜ ਨਾਲ ਖੇਡੇ ਬੱਚਾ ਨਾ ਖਾਵੇ ਨਾ ਸੋਏ।
ਹਰਦਮ ਸੋਚੇ ਕੀ ਬਣੂੰ ਪ੍ਰਸੈਂਟ ਘੱਟ ਜੇ ਹੋਏ।
ਜੰਮਣਾ ਕੀ ਦਹੀਂ ਜੇ ਤੇਜ਼ਾਬ ਲਾਉਣਾ ਜਾਗ ਨੂੰ.......।
ਚਿੰਬੜ ਗਿਆ ਭੂਤ ਅੰਗਰੇਜੀ ਦਾ ਦਿਮਾਗ ਨੂੰ।

ਗਰਮੀ ਦੇ ਮੌਸਮ ਵਿੱਚ ਬੱਚਾ ਜਾਪੇ ਫ਼ਸਿਆ ਫ਼ਸਿਆ।
ਬੂਟ, ਜੁਰਾਬਾਂ, ਬੈਲਟਾਂ, ਟਾਈਆਂ ਦੇ ਵਿੱਚ ਰਹਿੰਦਾ ਕਸਿਆ।
ਮਾਪੇ ਕਹਿਣ ਤਕੜਾ ਨਈ ਹੁੰਦਾ ਨਿੱਤ ਜਾਂਦਾ ਏ ਘਸਿਆ।
ਪਰ ਕੀ ਰੋਗ ਬਾਲ-ਮਨ ਨੂੰ ਨਾ ਉਹਨੇ ਬੋਲ ਕੇ ਦੱਸਿਆ।
ਵਿੱਚੋ-ਵਿੱਚ ਦੱਬੇ ਨੰਨ੍ਹੀ ਜਾਨ ਫਿਰ ਵੈਰਾਗ ਨੂੰ.......।
ਚਿੰਬੜ ਗਿਆ ਭੂਤ ਅੰਗਰੇਜੀ ਦਾ ਦਿਮਾਗ ਨੂੰ।

ਪਿੰਡ ਘੜਾਮੇ ਆਖੇ ਰੋਮੀ ਕੁੱਝ ਤਾਂ ਸੋਚ ਵਿਚਾਰੋ।
ਭੇਡ-ਚਾਲ ਵਿੱਚ ਨਵੀਂ ਨਸਲ ਨਾ ਕਿਸ਼ਤਾਂ ਵਿੱਚ ਉਜਾੜੋ।
ਨਾਮਵਾਰ, ਪ੍ਰਸਿੱਧ ਬੰਦਿਆਂ ਵੱਲ ਨਜ਼ਰ ਜਰਾ ਇੱਕ ਮਾਰੋ।
ਬਹੁਤੇ ਪੜ੍ਹੇ ਨੇ ਮਾਂ-ਬੋਲੀ ਵਿੱਚ ਉਹਨਾਂ ਤਾਈਂ ਚਿਤਾਰੋ।
ਧੋ ਲਵੋ ਜੇ ਧੋ ਹੁੰਦਾ ਬੇਦਾਵੇ ਵਾਲੇ ਦਾਗ ਨੂੰ.........।
ਚਿੰਬੜ ਗਿਆ ਭੂਤ ਅੰਗਰੇਜੀ ਦਾ ਦਿਮਾਗ ਨੂੰ।
ਚਿੰਬੜ ਗਿਆ ਭੂਤ ਅੰਗਰੇਜੀ ਦਾ ਦਿਮਾਗ ਨੂੰ।

## ਪੰਜਾਬ ਪੁਲਿਸ ਵਿੱਚ ਇਸਤਰੀਆਂ/ਲੜਕੀਆਂ ਵੀ ਮਹੱਤਵਪੂਰਨ ਅਹੁਦਿਆਂ 'ਤੇ ਤਾਇਨਾਤ



ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਬੇਟੀ ਪੜ੍ਹਾਓ, ਬੇਟੀ ਬਚਾਓ ਦਾ ਪ੍ਰਚਾਰ ਤਾਂ ਥੋੜ੍ਹਾ ਸਮਾਂ ਪਹਿਲਾਂ ਹੀ ਸ਼ੁਰੂ ਕੀਤਾ ਗਿਆ ਹੈ ਪ੍ਰੰਤੂ ਪੰਜਾਬ ਵਿੱਚ ਬੇਟੀਆਂ ਨੂੰ ਪਹਿਲਾਂ ਹੀ ਪੜ੍ਹਾਇਆ ਜਾਂਦਾ ਹੈ, ਜਿਸ ਕਰਕੇ ਬੇਟੀਆਂ ਸਮਾਜ ਦੇ ਹਰ ਖੇਤਰ ਵਿੱਚ ਮਾਹਰਕੇ ਮਾਰ ਰਹੀਆਂ ਹਨ। ਬੇਸ਼ਕ ਪੰਜਾਬ ਪੁਲਿਸ ਵਿੱਚ ਇਸਤਰੀਆਂ/ਲੜਕੀਆਂ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਆਟੇ ਵਿੱਚ ਲੂਣ ਦੇ ਬਰਾਬਰ ਹੈ ਪ੍ਰੰਤੂ ਉਹ ਦਿਨ ਦੂਰ ਨਹੀਂ ਜਦੋਂ ਇਸਤਰੀਆਂ/ਲੜਕੀਆਂ ਇਸ ਵਿਭਾਗ ਦੇ ਪੁਲਿਸ ਮੁੱਖੀ ਦੇ ਅਹੁਦੇ 'ਤੇ ਪਹੁੰਚਕੇ ਅਗਵਾਈ ਕਰਨਗੀਆਂ। ਭਾਵੇਂ ਅੱਜ ਦਿਨ ਵੀ ਗੁਰਪ੍ਰੀਤ ਕੌਰ ਦਿਓ, ਸ਼ਸ਼ੀ ਪ੍ਰਭਾ ਦਿਵੇਦੀ ਦੋਵੇਂ ਡੀ.ਜੀ.ਪੀ.ਰੈਂਕ ਅਤੇ ਤਿੰਨ ਹੋਰ ਐਡੀਸ਼ਨਲ ਡੀ.ਜੀ.ਪੀ.ਰੈਂਕ ਵਿੱਚ ਹਨ ਪ੍ਰੰਤੂ ਉਨ੍ਹਾਂ ਨੂੰ ਪੁਲਿਸ ਵਿਭਾਗ ਦੇ ਵੱਖ-ਵੱਖ ਵਿੰਗਾਂ ਦੇ ਮੁੱਖੀ ਬਣਾਇਆ ਗਿਆ ਹੈ ਪ੍ਰੰਤੂ ਪੂਰੇ ਪੁਲਿਸ ਵਿਭਾਗ ਦੇ ਮੁੱਖੀ ਨਹੀਂ ਬਣਾਈਆਂ ਗਈਆਂ। ਇਸ ਤੋਂ ਇਲਾਵਾ ਹੋਰ ਵੀ ਕਈ ਪ੍ਰਮੁਖ ਮਹੱਤਵਪੂਰਨ ਖੇਤਰੀ ਅਤੇ ਪ੍ਰਬੰਧਕੀ ਅਹੁਦਿਆਂ 'ਤੇ ਇਸਤਰੀਆਂ/ਲੜਕੀਆਂ ਕੰਮ ਕਰ ਰਹੀਆਂ ਹਨ। ਆਈ.ਏ.ਐਸ. ਇਸਤਰੀ ਵਿੰਨੀ ਮਹਾਜਨ ਪਹਿਲੀ ਪੰਜਾਬ ਦੀ ਮੁੱਖ ਸਕੱਤਰ ਰਹੀ ਹੈ। ਸੁਰਜੀਤ ਕੌਰ ਬਾਰੇ ਵੀ ਕਿਹਾ ਜਾਂਦਾ ਹੈ ਕਿ ਉਹ ਪਹਿਲੀ ਇਸਤਰੀ ਆਈ.ਪੀ.ਐਸ.ਅਧਿਕਾਰੀ ਸੀ। ਕਿਰਨ ਬੇਦੀ ਅੰਮ੍ਰਿਤਸਰ ਨਾਲ ਸੰਬੰਧ ਰੱਖਦੀ ਹੈ, ਉਹ ਇਸਤਰੀ ਆਈ.ਪੀ.ਐਸ.ਅਧਿਕਾਰੀ ਸੀ। ਉਹ ਡਾਇਰੈਕਟਰ ਜਨਰਲ ਬਿਓਰੋ ਆਫ਼ ਪੁਲਿਸ, ਕੇਂਦਰੀ ਸ਼ਾਸ਼ਤ ਪ੍ਰਦੇਸ਼ ਦਿੱਲੀ, ਗੋਆ, ਚੰਡੀਗੜ੍ਹ ਅਤੇ ਮੀਜੋਰਾਮ ਦੀ ਡੀ.ਜੀ.ਪੀ.ਅਤੇ ਉਪ ਰਾਜਪਾਲ ਵਰਗੇ ਮਹੱਤਵਪੂਰਨ ਅਹੁਦਿਆਂ 'ਤੇ ਰਹੀ ਹੈ। ਪੁਲਿਸ ਵਿਭਾਗ ਦੇ ਕੰਮ ਨੂੰ ਜੋਖ਼ਮ ਭਰਿਆ ਗਿਣਿਆਂ ਜਾਂਦਾ ਹੈ ਕਿਉਂਕਿ ਇਸ ਨੇ ਸਮਾਜ ਵਿਰੋਧੀ ਅਨਸਰਾਂ ਦੀਆਂ ਸਰਗਰਮੀਆਂ ਨੂੰ ਰੋਕਣਾ ਹੁੰਦਾ ਹੈ। ਕਰਿਮੀਨਲ ਕਿਸਮ ਦੇ ਅਨਸਰਾਂ ਨਾਲ ਨਿਪਟਣਾ ਹੁੰਦਾ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਸਖ਼ਤੀ ਵਰਤਣੀ ਪੈਂਦੀ ਹੈ। ਇਹ ਆਮ ਪ੍ਰਭਾਵ ਪਾਇਆ ਜਾਂਦਾ ਹੈ ਕਿ ਮਰਦ ਹੀ ਅਜਿਹੇ ਕੰਮ ਕਰਨ ਵਿੱਚ ਜ਼ਿਆਦਾ ਪ੍ਰਭਾਵਸ਼ਾਲੀ ਹੋ ਸਕਦੇ ਹਨ। ਇਸਤਰੀਆਂ/ਲੜਕੀਆਂ ਬਾਰੇ ਮਹਿਸੂਸ ਕੀਤਾ ਜਾਂਦਾ ਹੈ ਕਿ ਉਹ ਅਜਿਹੇ ਕਰਿਮੀਨਲ ਮੁਜ਼ਰਮਾ ਸਮੇਂ ਵਿਰੁੱਧ ਕਾਰਵਾਈ ਮਰਦਾਂ ਦੀ ਤਰ੍ਹਾਂ ਨਹੀਂ ਕਰ ਸਕਦੀਆਂ। ਪ੍ਰੰਤੂ ਆਧੁਨਿਕ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਆਉਣ ਅਤੇ ਪੜ੍ਹਾਈ ਦੀਆਂ ਸਹੂਲਤਾਂ ਮਿਲਣ ਕਰਕੇ ਲੋਕਾਂ ਵਿੱਚ ਜਾਗ੍ਰਤੀ ਆ ਗਈ ਹੈ, ਜਿਸ ਕਰਕੇ ਮਨੁੱਖੀ ਹੱਕਾਂ ਦੀ ਰਖਵਾਲੀ ਮੁੱਖ ਵਿਸ਼ਾ ਬਣਦਾ ਜਾ ਰਿਹਾ ਹੈ। ਅਜਿਹੇ ਹਾਲਾਤ ਵਿੱਚ ਪੁਲਿਸ ਵਿਭਾਗ ਵਿੱਚ ਵੀ ਗ਼ੈਰ ਮਨੁੱਖੀ ਕਾਰਵਾਈਆਂ ਨੂੰ ਵੀ ਰੋਕਦੀ ਲੱਗਦੀ ਨਜ਼ਰ ਆ ਰਹੀ ਹੈ। ਸ਼ੋਸ਼ਲ ਮੀਡੀਆ ਦਾ ਯੁਗ ਹੋਣ ਕਰਕੇ ਗ਼ੈਰ ਮਨੁੱਖੀ ਤਸੀਹਿਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇੱਕ ਹੋਰ ਮਹੱਤਵਪੂਰਨ ਪਹਿਲੂ ਹੈ ਕਿ ਅਜੋਕੇ ਅਜਿਹੇ ਅਖੌਤੀ ਆਧੁਨਿਕਤਾ ਦੇ ਸਮੇਂ ਵਿੱਚ ਕੁਝ ਇਸਤਰੀਆਂ/ਲੜਕੀਆਂ ਵੀ ਜਰਾਇਮ ਪੇਸ਼ੇ ਵਿੱਚ ਸ਼ਾਮਲ ਹੋ ਗਈਆਂ ਹਨ। ਉਨ੍ਹਾਂ ਨੂੰ ਵਰਗਲਾ ਕੇ ਨਸ਼ਿਆਂ ਆਦਿ ਵਿੱਚ ਕੋਰੀਅਰ ਦੇ ਰੂਪ ਵਿੱਚ ਵਰਤਿਆ ਜਾ ਰਿਹਾ ਹੈ। ਇਸ ਲਈ ਅਜਿਹੀਆਂ ਜਰਾਇਮ ਪੇਸ਼ਾ ਇਸਤਰੀਆਂ/ਲੜਕੀਆਂ ਦੇ ਕੇਸਾਂ ਦੀ ਪੜਤਾਲ ਕਰਨ ਵਿੱਚ ਇਸਤਰੀਆਂ/ਲੜਕੀਆਂ ਸਹਾਈ ਸਾਬਤ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਨਾਲ ਇਸਤਰੀ ਅਧਿਕਾਰੀਆਂ ਨੂੰ ਹੀ ਲਗਾਇਆ ਜਾ ਸਕਦਾ ਹੈ। ਨਵੇਂ ਹਾਲਾਤਾਂ ਕਰਕੇ ਇਸਤਰੀਆਂ/ਲੜਕੀਆਂ ਦਾ ਪੁਲਿਸ ਵਿਭਾਗ ਦੇ ਅਹਿਮ ਅਹੁਦਿਆਂ 'ਤੇ ਤਾਇਨਾਤ ਹੋਣਾ ਜ਼ਰੂਰੀ ਬਣ ਗਿਆ ਹੈ ਕਿਉਂਕਿ ਉਨ੍ਹਾਂ ਨੂੰ ਸੁਹਜਾਤਮਿਕ ਪ੍ਰਵਿਰਤੀ ਵਾਲੀਆਂ ਨਰਮ ਦਿਲ ਸਮਝਿਆ ਜਾਂਦਾ ਹੈ। ਸੰਸਾਰ ਵਿੱਚ ਇਸਤਰੀਆਂ ਨੂੰ ਬਰਾਬਰਤਾ ਦੇ ਅਧਿਕਾਰ ਦਿੱਤੇ ਗਏ ਹਨ। ਜ਼ਿੰਦਗੀ ਦੇ ਹਰ ਖੇਤਰ ਵਿੱਚ ਇਸਤਰੀਆਂ/ਲੜਕੀਆਂ ਮਹੱਤਵਪੂਰਨ ਭੂਮਿਕਾਵਾਂ ਨਿਭਾਅ ਰਹੀਆਂ ਹਨ। ਭਾਰਤ ਵਿੱਚ ਵੀ ਸਰੋਜਨੀ ਨਾਇਡੂ ਤੋਂ ਲੈ ਕੇ ਇੰਦਰਾ ਗਾਂਧੀ ਤੱਕ ਸਿਆਸੀ ਖੇਤਰ ਵਿੱਚ ਨਾਮਣਾ ਖੱਟਿਆ ਹੈ। ਪਹਿਲਾਂ ਸ਼੍ਰੀਮਤੀ ਪ੍ਰਤਿਭਾ ਪਾਟਿਲ ਹੁਣ ਸ਼੍ਰੀਮਤੀ ਦਰੋਪਦੀ ਮੁਰਮੂ ਭਾਰਤ ਦੇ ਰਾਸ਼ਟਰਪਤੀ ਹਨ।

ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਪੰਚਾਇਤੀ ਰਾਜ ਪ੍ਰਣਾਲੀ ਵਿੱਚ ਇਸਤਰੀਆਂ/ਲੜਕੀਆਂ ਲਈ ਰਾਖਵਾਂਕਰਨ ਦੀ ਪ੍ਰਣਾਲੀ ਸ਼ੁਰੂ ਕੀਤੀ ਸੀ। ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਵਿਧਾਨ ਸਭਾਵਾਂ ਅਤੇ ਲੋਕ ਸਭਾ ਵਿੱਚ 33 ਫ਼ੀ ਸਦੀ ਰਾਖਵਾਂ ਕਰਨ ਦਾ ਕਾਨੂੰਨ ਬਣਾਇਆ ਹੈ। ਪੰਜਾਬ ਵਿੱਚ ਸਰਕਾਰੀ ਨੌਕਰੀਆਂ ਵਿੱਚ ਅਜੇ ਤੱਕ ਵੀ ਇਸਤਰੀਆਂ/ਲੜਕੀਆਂ ਲਈ ਰਾਖਵਾਂਕਰਨ ਨਹੀਂ ਕੀਤਾ ਗਿਆ, ਇਸ ਦੀ ਲੋੜ ਵੀ ਨਹੀਂ ਕਿਉਂਕਿ ਮੁਕਾਬਲੇ ਦੇ ਸਮੇਂ ਵਿੱਚ, ਜਿਸ ਵਿਅਕਤੀ ਕੋਲ ਕਾਬਲੀਅਤ ਹੋਵੇਗੀ ਉਹ ਉਚ ਅਹੁਦਿਆਂ ਦੇ ਇਮਤਿਹਾਨ ਪਾਸ ਕਰਕੇ ਨੌਕਰੀ ਪ੍ਰਾਪਤ ਕਰ ਸਕਦੇ ਹਨ। ਅੱਜ ਕਲ੍ਹ ਲੜਕੀਆਂ ਦੇ ਹਰ ਖੇਤਰ ਵਿੱਚ ਲੜਕਿਆਂ ਤੋਂ ਮੋਹਰੀ ਹੋਣ ਦੇ ਨਤੀਜੇ ਆ ਰਹੇ ਹਨ। ਜਿਸ ਕਰਕੇ ਬਹੁਤ ਸਾਰੇ ਵਿਭਾਗਾਂ ਵਿੱਚ ਉਚ ਅਹੁਦਿਆਂ 'ਤੇ ਇਸਤਰੀਆਂ/ਲੜਕੀਆਂ ਕੰਮ ਕਰ ਰਹੀਆਂ ਹਨ। ਸਰਕਾਰੀ ਵਿਭਾਗਾਂ ਖਾਸ ਤੌਰ ਤੇ ਵਿਦਿਆ ਵਿਭਾਗ ਵਿੱਚ ਅਧਿਆਪਕ ਇਸਤਰੀਆਂ/ਲੜਕੀਆਂ ਦੀ ਬਹੁਤਾਤ ਹੈ। ਆਈ.ਏ.ਐਸ., ਆਈ.ਪੀ.ਐਸ., ਪੀ.ਸੀ.ਐਸ. ਅਤੇ ਪੀ.ਪੀ.ਐਸ.ਵਿੱਚ ਭਾਵੇਂ ਰਾਖਵਾਂ ਕਰਨ ਨਹੀਂ ਹੈ ਪ੍ਰੰਤੂ ਇਸਤਰੀਆਂ/ਲੜਕੀਆਂ ਹੁਣ ਇਨ੍ਹਾਂ ਮੁਕਾਬਲਿਆਂ ਵਿੱਚ ਆਪਣੀ ਕਾਬਲੀਅਤ ਨਾਲ ਨਾਮਣਾ ਖੱਟ ਰਹੀਆਂ ਹਨ। ਪੰਜਾਬ ਦੇ 23 ਜਿਲ੍ਹਿਆਂ ਵਿੱਚੋਂ 10 ਜਿਲ੍ਹਿਆਂ ਵਿੱਚ ਇਸਤਰੀਆਂ/ਲੜਕੀਆਂ ਡਿਪਟੀ ਕਮਿਸ਼ਨਰ ਹਨ ਪ੍ਰੰਤੂ ਪੁਲਿਸ ਦੇ 24 ਜਿਲ੍ਹਿਆਂ ਵਿੱਚੋਂ ਸਿਰਫ਼ 5 ਵਿੱਚ ਇਸਤਰੀਆਂ/ਲੜਕੀਆਂ ਐਸ.ਐਸ.ਪੀ. ਹਨ। ਭਾਵੇਂ ਹੋਰ ਉਚ ਅਹੁਦਿਆਂ 'ਤੇ ਉਹ ਬਿਰਾਜਮਾਨ ਹਨ। ਪੰਜਾਬ ਪੁਲਿਸ ਵਿੱਚ ਲਗਪਗ 82 ਹਜ਼ਾਰ ਦੀ ਨਫਰੀ ਹੈ, ਜਿਸ ਵਿੱਚ ਇਸਤਰੀਆਂ/ਲੜਕੀਆਂ 5500 ਦੇ ਲਗਪਗ ਹਨ। ਇਹ ਕੁਲ ਨਫਰੀ ਦਾ 3 ਫ਼ੀ ਸਦੀ ਭਾਵ ਨਾ ਮਾਤਰ ਪ੍ਰਤੀਨਿਧਤਾ ਬਣਦੀ ਹੈ। ਜਦੋਂ ਕਿ ਇਸਤਰੀਆਂ ਦੀ ਆਬਾਦੀ ਮਰਦਾਂ ਦੇ ਬਰਾਬਰ ਹੈ। ਦੇਸ਼ ਵਿੱਚ ਪੁਲਿਸ ਵਿਭਾਗ ਵਿੱਚ ਇਨ੍ਹਾਂ ਦੀ ਪ੍ਰਤੀਨਿਧਤਾ 7.28 ਫ਼ੀ ਸਦੀ ਹੈ। ਸੀਨੀਅਰ ਅਹੁਦਿਆਂ 'ਤੇ ਇਸਤਰੀਆਂ/ਲੜਕੀਆਂ ਦੀ ਗਿਣਤੀ ਬਹੁਤ ਘੱਟ ਹੈ। ਪ੍ਰੰਤੂ ਇਹ ਵੀ ਮਾਣ ਵਾਲੀ ਗੱਲ ਹੈ ਕਿ ਗੁਰਪ੍ਰੀਤ ਕੌਰ ਦਿਓ ਅਤੇ ਸ਼ਸ਼ੀ ਪ੍ਰਭਾ ਦਿਵੇਦੀ ਡੀ.ਜੀ.ਪੀ.ਰੈਂਕ ਅਤੇ 7 ਏ.ਡੀ.ਜੀ.ਪੀ.ਵਿੱਚੋਂ ਤਿੰਨ ਨੀਰਜਾ ਵੋਰੂਗੁਰੂ, ਅਨੀਤਾ ਪੁੰਜ ਅਤੇ ਵਿਭੂ ਰਾਜ ਏ.ਡੀ.ਜੀ.ਪੀ. ਦੇ ਅਹੁਦੇ 'ਤੇ ਤਾਇਨਾਤ ਹਨ। ਰੇਂਜ ਵਿੱਚੋਂ ਧੰਨਵੰਤ ਕੌਰ ਲੁਧਿਆਣਾ ਡੀ.ਆਈ.ਜੀ. ਹਨ। ਐਸ.ਐਸ.ਪੀ ਦੇ ਅਹੁਦੇ 'ਤੇ ਡਾ.ਰਵਜੋਤ ਕੌਰ ਗਰੇਵਾਲ ਫ਼ਤਿਹਗੜ੍ਹ ਸਾਹਿਬ, ਅਮਨੀਤ ਕੌਂਡਲ ਖੰਨਾ, ਅਸ਼ਵਨੀ ਗੋਟਿਆਲ ਬਟਾਲਾ, ਵਤਸਾਲਾ ਗੁਪਤਾ ਐਸ.ਐਸ.ਪੀ.ਕਪੂਰਥਲਾ, ਅਵਨੀਤ ਕੌਰ ਫ਼ਾਜਿਲਕਾ ਤੇ ਮਾਲੇਰਕੋਟਲਾ ਐਸ.ਐਸ.ਪੀ.ਰਹੀ ਹੈ। ਕੰਵਰਦੀਪ ਕੌਰ ਫੀਰੋਜਪੁਰ ਸਨ ਪ੍ਰੰਤੂ ਹੁਣ ਚੰਡੀਗੜ੍ਹ ਐਸ.ਐਸ.ਪੀ. ਹੈ। ਸੁਮਈਆ ਮਿਸ਼ਰਾ ਆਈ.ਪੀ.ਐਸ.ਜਾਇੰਟ ਕਮਿਸ਼ਨਰ ਪੁਲਿਸ ਲੁਧਿਆਣਾ, ਜਸਰੂਪ ਬਾਠ ਆਈ.ਪੀ.ਐਸ. ਏ.ਸੀ.ਪੀ. ਸਿਵਿਲ ਲਾਈਨ ਲੁਧਿਆਣਾ, ਹਰਵੰਤ ਕੌਰ ਐਸ.ਪੀ.ਹੈਡ ਕੁਆਟਰ ਪਟਿਆਲਾ ਹਨ। 15 ਐਸ.ਪੀ., 7 ਏ.ਐਸ.ਪੀ., 24 ਡੀ.ਐਸ.ਪੀ., 9 ਇਨਸਪੈਕਟਰ, 16 ਸਬ ਇਨਸਪੈਕਟਰ ਅਤੇ 2 ਏ.ਐਸ.ਆਈ. ਤੇ ਕੁਝ ਸਹਾਇਕ ਡਾਇਰੈਕਟਰ ਦੇ ਅਹੁਦਿਆਂ 'ਤੇ ਕੰਮ ਕਰ ਰਹੀਆਂ ਹਨ। ਪ੍ਰੰਤੂ ਅਜੇ ਵੀ ਸੀਨੀਅਰ ਅਹੁਦਿਆਂ 'ਤੇ ਇਸਤਰੀਆਂ/ਲੜਕੀਆਂ ਦੀ ਘਾਟ ਮਹਿਸੂਸ ਹੋ ਰਹੀ ਹੈ। ਜਦੋਂ ਮੁਕਾਬਲੇ ਦੇ ਇਮਤਿਹਾਨ ਪਾਸ ਕਰਕੇ ਇਹ ਇਸਤਰੀਆਂ/ਲੜਕੀਆਂ ਪੁਲਿਸ ਵਿੱਚ ਭਰਤੀ ਹੁੰਦੀਆਂ ਹਨ, ਇਨ੍ਹਾਂ ਦੀ ਕਾਬਲੀਅਤ ਵਿੱਚ ਕਿਹੜੀ ਘਾਟ ਹੈ। ਪਿਛੇ ਜਹੇ ਲੁਧਿਆਣਾ ਵਿਖੇ ਪੁਲਿਸ ਵਿਭਾਗ ਦੀ ਵਿਮੈਨ ਕਾਨਫ਼ਰੰਸ ਹੋਈ ਸੀ, ਜਿਸ ਵਿੱਚ ਏ.ਐਸ.ਪੀ.ਸ਼੍ਰੀਮਤੀ ਰੁਪਿੰਦਰ ਕੌਰ ਭੱਟੀ ਨੇ ਦੱਸਿਆ ਸੀ ਕਿ ਪੰਜਾਬ ਦੇ 399 ਥਾਣਿਆਂ ਵਿੱਚੋਂ ਸਿਰਫ਼ 10 ਥਾਣਿਆਂ ਵਿੱਚ ਇਸਤਰੀਆਂ/ਲੜਕੀਆਂ ਨੂੰ ਥਾਣੇਦਾਰ ਲਗਾਇਆ ਗਿਆ ਹੈ। ਇਸ ਤੋਂ ਇਲਾਵਾ ਵਿਆਹਾਂ ਨਾਲ ਸੰਬੰਧਤ ਝਗੜਿਆਂ ਦੇ ਹਲ ਲਈ ਇਸਤਰੀਆਂ ਤੇ ਕੇਸਾਂ ਨਾਲ ਸੰਬੰਧਤ ਥਾਣਿਆਂ ਵਿੱਚ ਇਸਤਰੀਆਂ/ਲੜਕੀਆਂ ਨੂੰ ਲਗਾਇਆ ਹੋਇਆ ਹੈ। ਇਨ੍ਹਾਂ ਨੂੰ ਪੜਤਾਲ ਕਰਨ ਦੇ ਯੋਗ ਹੀ ਨਹੀਂ ਸਮਝਿਆ ਜਾਂਦਾ। ਇਨ੍ਹਾਂ ਨੂੰ ਪੜਤਾਲੀਆ ਅਧਿਕਾਰੀ ਸਿਰਫ਼ ਬਲਾਤਕਾਰ ਅਤੇ ਇਸਤਰੀ ਮਰਦ ਦੇ ਵਿਆਹਾਂ ਸੰਬੰਧੀ ਝਗੜਿਆਂ ਵਿੱਚ ਲਗਾਇਆ ਜਾਂਦਾ ਹੈ। ਹੋਰ ਕਿਸੇ ਵੀ ਮਹੱਤਵਪੂਰਨ ਕੇਸ ਦੀ ਪੜਤਾਲ ਕਰਨ ਦੀ ਜ਼ਿੰਮੇਵਾਰੀ ਨਹੀਂ ਦਿੱਤੀ ਜਾਂਦੀ, ਜਦੋਂ ਕਿ ਇਹ ਮੁਕਾਬਲੇ ਦੇ ਇਮਤਿਹਾਨ ਪਾਸ ਕਰਕੇ ਆਉਂਦੀਆਂ ਹਨ ਤਾਂ ਇਨ੍ਹਾਂ ਨੂੰ ਕਿਉਂ ਜ਼ਿੰਮੇਵਾਰੀ ਨਹੀਂ ਦਿੱਤੀ ਜਾਂਦੀ? 5500 ਇਸਤਰੀਆਂ/ਲੜਕੀਆਂ ਵਿੱਚੋਂ ਇਕ ਵੀ ਥਾਣੇ ਦੀ ਮੁਣਸ਼ੀ ਨਹੀਂ ਲਗਾਈ ਗਈ। ਇਨ੍ਹਾਂ ਤੋਂ ਕੰਪਿਊਟਰ ਅਪ੍ਰੇਟਰ ਦਾ ਕੰਮ ਲਿਆ ਜਾਂਦਾ ਹੈ। ਪੰਜਾਬ ਵਿੱਚ ਤਿੰਨ ਪੁਲਿਸ ਕਮਿਸ਼ਨਰਟੇਟ ਅ੍ਰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਹਨ, 8 ਰੇਂਜ ਡੀ.ਆਈ.ਜੀ. ਅਤੇ 24 ਪੁਲਿਸ ਜਿਲ੍ਹੇ ਹਨ, ਇਨ੍ਹਾਂ ਵਿੱਚੋਂ ਇੱਕ ਡੀ.ਆਈ.ਜੀ.ਅਤੇ 5 ਐਸ.ਐਸ.ਪੀ. ਨਿਯੁਕਤ ਹਨ। ਹੋਰ ਕਈ ਮਹੱਤਵਪੂਰਨ ਅਹੁਦਿਆਂ ਜਿਵੇਂ ਡੀ.ਸੀ.ਪੀ., ਜਾਇੰਟ ਕਮਿਸ਼ਨਰ, ਏ.ਆਈ.ਜੀ., ਐਸ.ਪੀ., ਡੀ.ਐਸ.ਪੀ.ਤੇ ਇਨਸਪੈਕਟਰ ਆਦਿ ਇਸਤਰੀਆਂ/ਲੜਕੀਆਂ ਹਨ। ਇਹ ਕਹਿਕੇ ਇਨ੍ਹਾਂ ਨੂੰ ਲਗਾਇਆ ਨਹੀਂ ਜਾਂਦਾ ਕਿ ਫੀਲਡ ਦਾ ਕੰਮ ਔਖਾ ਤੇ ਰਾਤ ਬਰਾਤੇ ਹੁੰਦਾ ਹੈ। ਜੇਕਰ ਇਨ੍ਹਾਂ ਵਿੱਚੋਂ ਕੁਝ ਜੋ ਡੀ.ਆਈ.ਜੀ., ਐਸ.ਐਸ.ਪੀ., ਡੀ.ਸੀ.ਪੀ. ਅਤੇ ਏ.ਸੀ.ਪੀ.ਲੱਗੀਆਂ ਹੋਈਆਂ ਹਨ, ਉਹ ਖੇਤਰੀ ਕੰਮ ਕਰ ਰਹੀਆਂ ਹਨ ਤਾਂ ਹੋਰ ਬਾਕੀ ਕਿਉਂ ਨਹੀਂ ਕਰ ਸਕਦੀਆਂ? ਇਸ ਲਈ ਉਨ੍ਹਾਂ ਨੂੰ ਵੀ ਜਿਲ੍ਹਿਆਂ ਵਿੱਚ ਲਗਾਉਣਾ ਬਣਦਾ ਹੈ, ਜਿਵੇਂ ਡੀ.ਸੀ.ਕੰਮ ਕਰ ਰਹੀਆਂ ਹਨ। ਇਸਤਰੀਆਂ/ਲੜਕੀਆਂ ਦੀ ਕਾਬਲੀਅਤ ਦਾ ਇਮਤਿਹਾਨ ਉਨ੍ਹਾਂ ਨੂੰ ਖੇਤਰੀ ਅਹੁਦਿਆਂ 'ਤੇ ਲਗਾਉਣ ਨਾਲ ਹੀ ਪਤਾ ਚਲੇਗਾ। ਜੇਕਰ ਕਿਸੇ ਨੂੰ ਕੋਈ ਅਜਿਹਾ ਕੰਮ ਦਿੱਤਾ ਹੀ ਨਹੀਂ ਜਾਂਦਾ ਤਾਂ ਉਨ੍ਹਾਂ ਬਾਰੇ ਇਹ ਸੋਚਣਾ ਕਿ ਉਹ ਖੇਤਰੀ ਕੰਮ ਕਰ ਨਹੀਂ ਸਕਦੀਆਂ ਜ਼ਾਇਜ਼ ਨਹੀਂ ਹੈ। ਕਿਸੇ ਇੱਕ ਅਧਿਕਾਰੀ ਵੱਲੋਂ ਅਸਫਲ ਹੋਣ ਕਰਕੇ ਸਾਰਿਆਂ ਨੂੰ ਇੱਕੋ ਰੱਸੇ ਬੰਨ੍ਹਿਆਂ ਨਹੀਂ ਜਾ ਸਕਦਾ।